**Punjabi**

ਕਾਰਬੈਪੇਨਮੇਜ਼-ਪ੍ਰੋਡਿਊਸਿੰਗ ਔਰਗੈਨਿਜ਼ਮਜ਼ (ਸੀ.ਪੀ.ਓ)

**(Carbapenemase-Producing Organisms (CPO))**

---

# ਹਸਪਤਾਲ ਵਿੱਚ ਕਾਰਬੈਪੇਨਮੇਜ਼-ਪ੍ਰੋਡਿਊਸਿੰਗ ਔਰਗੈਨਿਜ਼ਮਜ਼ (CPO) ਬਾਰੇ ਸਿੱਖਣਾ

## (Learning About Carbapenemase-Producing Organisms (CPO) in the Hospital)

### ਕਾਰਬੈਪੇਨਮੇਜ਼-ਪ੍ਰੋਡਿਊਸਿੰਗ ਔਰਗੈਨਿਜ਼ਮਜ਼ (CPO) ਕੀ ਹੈ?
### (What are carbapenemase-producing organisms (CPO)?)

- CPO ਕੀਟਾਣੂਆਂ (ਬੈਕਟੀਰੀਆ) ਦਾ ਇੱਕ ਸਮੂਹ ਹੈ ਜੋ ਕਾਰਬੈਪੇਨਮੇਜ਼ ਸਮੇਤ ਬਹੁਤ ਸਾਰੇ ਵੱਖ-ਵੱਖ ਕਿਸਮ ਦੇ ਐਂਟੀਬਾਇਓਟਿਕਸ ਦੇ ਪ੍ਰਤੀਰੋਧਕ ਹੁੰਦਾ ਹੈ।
- ਕਾਰਬੈਪੇਨਮਜ਼ ਇੱਕ ਕਿਸਮ ਦੀ ਐਂਟੀਬਾਇਓਟਿਕਸ ਹੈ ਜੋ ਤਾਂ ਇਸਤੇਮਾਲ ਹੁੰਦੀ ਹੈ ਜਦੋਂ ਦੂਜੇ ਆਮ ਐਂਟੀਬਾਇਓਟਿਕਸ ਅਸਰਦਾਰ ਨਹੀਂ ਹੁੰਦੇ।

### ਇਹ ਕਿਵੇਂ ਫੈਲਦਾ ਹੈ?
### (How does it spread?)

- CPO ਨੂੰ ਆਂਤ ਜਾਂ ਕਦੇ-ਕਦੇ ਚਮੜੀ ਦੀ ਸਤ੍ਹਾ ਤੇ ਪਾਇਆ ਜਾ ਸਕਦਾ ਹੈ।
- ਇਹ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਹੱਥਾਂ ਰਾਹੀਂ ਜਾਂ ਅਜਿਹੇ ਉਪਕਰਣ ਨਾਲ ਫੈਲ ਸਕਦਾ ਹੈ ਜੋ CPO ਦੇ ਪ੍ਰਭਾਵ ਵਿੱਚ ਹੋਵੇ। ਇਹ ਸਮਾਜਿਕ ਜਾਂ ਸਿਹਤ ਸੰਭਾਲ ਦੀਆਂ ਥਾਵਾਂ ਵਿੱਚ ਹੋ ਸਕਦਾ ਹੈ; ਇਹ ਸੰਭਵ ਹੈ ਕਿ ਤੁਹਾਨੂੰ ਪਤਾ ਵੀ ਨਾ ਲੱਗੇ ਕਿ ਤੁਸੀਂ CPO ਦੇ ਸੰਪਰਕ ਵਿੱਚ ਕਿਥੋਂ ਆ ਗਏ।

### CPO ਕਿੰਨਾ ਨੁਕਸਾਨਦੇਹ ਹੈ?
### (How harmful is a CPO?)

- *ਕੋਲੋਨਾਇਜ਼ੇਸ਼ਨ (ਬਸਤੀ ਬਣਾਉਣਾ)* - ਜਦੋਂ CPOs ਲੋਕਾਂ ਉੱਤੇ ਖੁਦ ਨੂੰ ਬਿਨਾਂ ਕੋਈ ਨੁਕਸਾਨ ਹੋਏ ਰਹਿੰਦੇ ਹਨ ਤਾਂ ਇਸਨੂੰ ਕੋਲੋਨਾਇਜ਼ੇਸ਼ਨ ਕਿਹਾ ਜਾਂਦਾ ਹੈ। ਜ਼ਿਆਦਾਤਰ ਲੋਕਾਂ ਲਈ, CPO ਨਾਲ ਕੋਲੋਨਾਇਜੇਸ਼ਨ ਕਿਸੇ ਵੀ ਹੋਰ ਜੀਵਾਣੂਆਂ, ਜਿਨ੍ਹਾਂ ਨਾਲ ਅਸੀਂ ਰਹਿੰਦੇ ਹਾਂ, ਨਾਲੋਂ ਜ਼ਿਆਦਾ ਖ਼ਤਰਨਾਕ ਨਹੀਂ ਹੁੰਦੀ।
- *ਸੰਕ੍ਰਮਣ*- ਕੁਝ ਲੋਕਾਂ ਵਿੱਚ ਸੰਕ੍ਰਮਣ ਵਿਕਸਿਤ ਹੋਣ ਦਾ ਜੋਖਿਮ ਹੋ ਸਕਦਾ ਹੈ। ਜਿਵੇਂ ਕਿ ਕਿਸੇ ਵੀ ਹੋਰ ਕਿਸਮ ਦੇ ਸੰਕ੍ਰਮਣਨਾਲ ਹੁੰਦਾ ਹੈ, ਇਹ ਸੰਕ੍ਰਮਣ ਗੰਭੀਰ ਹੋ ਸਕਦਾ ਹੈ।
- ਜਿਹੜੇ ਲੋਕ ਕੋਲੋਨਾਇਜ਼ਡ ਹਨ ਜਾਂ ਜਿਨ੍ਹਾਂ ਨੂੰ ਸੰਕ੍ਰਮਣ ਹੈ, ਉਨ੍ਹਾਂ ਤੋਂ ਦੂਜੇ ਲੋਕਾਂ ਵਿੱਚ CPOs ਫੈਲ ਸਕਦੇ ਹਨ।
- ਹਸਪਤਾਲ ਦੀਆਂ ਸੈਟਿੰਗਾਂ ਵਿੱਚ CPO ਇੱਕ ਵਿਅਕਤੀ ਤੋਂ ਦੂਜੇ ਤੱਕ ਗੰਦੇ ਹੱਥਾਂ ਅਤੇ ਉਨ੍ਹਾਂ ਉਪਕਰਣਾਂ ਤੋਂ ਫੈਲ ਸਕਦਾ ਹੈ ਜੋ ਉਪਯੋਗ ਦੇ ਦਰਮਿਆਨ ਸਹੀ ਤਰੀਕੇ ਨਾਲ ਸਾਫ਼ ਨਹੀਂ ਕੀਤੇ ਗਏ ਹਨ।

### ਇਸ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?
### (How is it treated?)

- ਜਿਹੜੇ ਲੋਕ CPO ਨਾਲ ਕੋਲੋਨਾਇਜ਼ਡ ਹਨ ਉਨ੍ਹਾਂ ਦਾ ਇਲਾਜ ਐਂਟੀਬਾਇਓਟਿਕਸ ਨਾਲ ਨਹੀਂ ਹੋਵੇਗਾ। CPO ਵਾਲੀ ਕੋਲੋਨਾਇਜੇਸ਼ਨ ਬਿਨਾਂ ਕਿਸੇ ਇਲਾਜ ਦੇ ਠੀਕ ਹੋ ਸਕਦੀ ਹੈ।
- CPO ਨਾਲ ਸੰਕ੍ਰਮਿਤ ਲੋਕਾਂ ਨੂੰ ਅਕਸਰ ਐਂਟੀਬਾਇਓਟਿਕਸ ਦਿੱਤੇ ਜਾਂਦੇ ਹਨ। ਸੱਟ, ਖੂਨ, ਜਾਂ ਪਿਸ਼ਾਬ ਆਦਿ ਵਿੱਚ ਸੰਕ੍ਰਮਣ ਹੋ ਸਕਦਾ ਹੈ। ਜੇਕਰ ਤੁਸੀਂ ਬਿਹਤਰ ਮਹਿਸੂਸ ਕਰ ਰਹੇ ਹੋ, ਤਾਂ ਵੀ ਐਂਟੀਬਾਇਓਟਿਕਸ ਦੀ ਤਜ਼ਵੀਜ਼ ਨੂੰ ਪੂਰਾ ਕਰਨਾ ਬਹੁਤ ਜ਼ਰੂਰੀ ਹੈ।

### ਜੇ ਤੁਸੀਂ CPO ਦੇ ਮਰੀਜ਼ ਹੋ:
### (If you are a patient with CPO:)

- ਹਸਪਤਾਲ ਵਿਚ ਵਾਧੂ ਸਾਵਧਾਨੀ ਵਰਤੀ ਜਾਂਦੀ ਹੈ ਕਿਉਂਕਿ ਅਸੀਂ ਦੂਜਿਆਂ ਕਮਜ਼ੋਰ ਮਰੀਜ਼ਾਂ ਤੱਕ CPO ਦੇ ਫੈਲਾਓ ਨੂੰ ਰੋਕਣਾ ਚਾਹੁੰਦੇ ਹਾਂ।
- ਇੱਕ ਸੰਕੇਤ ਤੁਹਾਡੇ ਕਮਰੇ ਦੇ ਦਰਵਾਜ਼ੇ ਤੇ ਲਗਾਇਆ ਜਾਵੇਗਾ ਜੋ ਲੋਕਾਂ ਨੂੰ ਸੰਪਰਕ ਸੰਬੰਧੀ ਸਾਵਧਾਨੀਆਂ ਵਰਤਣ ਲਈ ਯਾਦ ਕਰਾਏਗਾ। ਵਧੇਰੇ ਜਾਣਕਾਰੀ ਲਈ MyHealth.Alberta.ca ਉੱਤੇ ਸੰਪਰਕ ਸੰਬੰਧੀ ਹਿਦਾਇਤਾਂ (Contact Isolation Precauitons) ਲਈ ਮਰੀਜ਼ ਦੇਖਭਾਲ ਪਰਚਾਦੇਖੋ।
- ਸਿਰਫ ਜ਼ਰੂਰੀ ਮਕਸਦ ਲਈ ਹੀ ਆਪਣੇ ਕਮਰੇ ਤੋਂ ਬਾਹਰ ਜਾਓ (ਉਦਾਹਰਣ: ਮੈਡੀਕਲ ਟੈਸਟ ਕਰਵਾਉਣ ਲਈ)।
- ਹਰ ਵਾਰ ਜਦੋਂ ਤੁਸੀਂ ਆਪਣਾ ਕਮਰਾ ਛੱਡਦੇ ਹੋ:
  - ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਜਾਂ ਅਲਕੋਹਲ-ਅਧਾਰਿਤ ਹੈਂਡ ਰਬ ਨਾਲ ਸਾਫ ਕਰੋ। ਤੁਹਾਨੂੰ ਦਸਤਾਨੇ ਪਾਉਣ ਦੀ ਲੋੜ ਨਹੀਂ।
  - ਆਪਣੇ ਪਜਾਮੇਂ ਜਾਂ ਕੱਪੜਿਆਂ ਉੱਪਰ ਹਸਪਤਾਲ ਦਾ ਇੱਕ ਸਾਫ਼, ਅਛੂਤਾ ਹਾਉਸਕੋਟ ਪਹਿਨੋ।
  - ਆਪਣੇ ਦੇਖਭਾਲ ਕਰਨ ਵਾਲੇ ਨੂੰ ਸਾਫ਼ ਕੱਪੜੇ ਨਾਲ ਜ਼ਖ਼ਮ ਨੂੰ ਢੱਕਣ ਲਈ ਕਹੋ, ਜਾਂ ਡ੍ਰੈਸਿੰਗ ਬਦਲਣ ਲਈ ਕਹੋ ਜੇ ਓਹ ਮੈਲੀ ਜਾਂ ਡਿੱਗ ਰਹੀ ਹੈ।
  - ਆਪਣੀ ਵ੍ਹੀਲਚੇਅਰ (ਆਰਮਰੇਸਟਸ) ਦੀਆਂ ਜ਼ਿਆਦਾ ਛੂਹੀਆਂ ਜਾਣ ਵਾਲੀਆਂ ਥਾਵਾਂ ਜਾਂ ਵਾਕਰ ਦੇ ਹੈਂਡਲਸ, ਕੇਨ ਜਾਂ IV ਪੋਲ ਦੀ ਸਫਾਈ ਕਰੋ ਜਾਂ ਕਰਨ ਵਿੱਚ ਸਹਾਇਤਾ ਲਵੋ।

## ਘਰ ਵਿੱਚ ਕੀ ਕਰਨਾ ਹੈ
## (What to do at home)

- ਘਰ ਵਿੱਚ, ਇਨ੍ਹਾਂ ਸਾਧਾਰਣ ਪ੍ਰਕਿਰਿਆਵਾਂ ਨੂੰ CPO ਦੇ ਸੰਕ੍ਰਮਣ ਸਮੇਤ, ਸੰਕ੍ਰਮਣ ਨੂੰ ਫੈਲਣ ਤੋਂ ਰੋਕਣ ਲਈ ਵਰਤਿਆ ਜਾ ਸਕਦਾ ਹੈ:
  - ਸੰਕ੍ਰਮਣ ਨੂੰ ਫੈਲਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੱਥ ਧੋਣਾ ਹੈ। ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਨਿਯਮਤ ਸਾਫ ਕਰੋ।
  - ਨਿੱਜੀ ਚੀਜ਼ਾਂ (ਉਦਾਹਰਨ ਲਈ, ਤੌਲੀਏ, ਕੱਪੜੇ, ਸਾਬਣ, ਰੇਜ਼ਰ ਜਾਂ ਖੇਡਾਂ ਦੇ ਸਮਾਨ) ਨੂੰ ਸਾਂਝਾ ਨਾ ਕਰੋ।
  - ਨਿਯਮਿਤ ਤੌਰ ਤੇ ਆਪਣੇ ਘਰ ਨੂੰ ਸਾਫ਼ ਕਰੋ, ਖਾਸ ਤੌਰ ਤੇ ਰਸੋਈ ਅਤੇ ਬਾਥਰੂਮ ਨੂੰ।
  - ਕੱਪੜਿਆਂ ਦੀ ਨਿਯਮਤ ਧੁਲਾਈ ਦੇ ਚੱਕਰ ਵਿਚ ਧੁਲਾਈ ਦੇ ਆਮ ਸਾਬਣ ਨੂੰ ਵਰਤ ਕੇ ਕੱਪੜੇ ਧੋਵੋ।
  - ਸਾਂਝੀਆਂ ਕੀਤੀਆਂ ਚੀਜ਼ਾਂ (ਜਿਵੇਂ, ਖੇਡ ਉਪਕਰਣ ਜਾਂ ਕਾਊਂਟਰ ਵਰਗੀਆਂ ਥਾਂਵਾਂ), ਘਰੇਲੂ ਕੀਟਾਣੂਨਾਸ਼ਕ ਨਾਲ ਸਾਫ ਕਰੋ।
  - ਸੰਕ੍ਰਮਣ ਦੇ ਕਿਸੇ ਤਰ੍ਹਾਂ ਦੇ ਲੱਛਣ ਹੋਣ ਤੇ ਡਾਕਟਰ ਨੂੰ ਮਿਲੋ।
  - ਰਿਸ ਰਹੇ ਜ਼ਖ਼ਮਾਂ ਨੂੰ ਸਾਫ਼, ਸੁੱਕੀਆਂ ਪੱਟੀਆਂ ਨਾਲ ਢੱਕੋ।
  - ਤੁਸੀਂ ਆਮ ਤੌਰ ਤੇ ਕੰਮ ਤੇ ਜਾ ਸਕਦੇ ਹੋ। ਜੇ ਤੁਸੀਂ ਖਾਧ ਪਦਾਰਥਾਂ ਦੇ ਉਦਯੋਗ ਵਿੱਚ ਕੰਮ ਕਰਦੇ ਹੋ, ਯਕੀਨੀ ਬਣਾਓ ਕਿ ਤੁਸੀਂ ਦੂਸ਼ਣ ਦੀ ਰੋਕਥਾਮ ਲਈ ਭੋਜਨ ਦੀ ਸੰਭਾਲ ਨਾਲ ਸਬੰਧਿਤ ਸੁਰੱਖਿਅਤ ਪ੍ਰਕ੍ਰਿਆਵਾਂ ਦੀ ਵਰਤੋਂ ਕਰਦੇ ਹੋ।
  - ਜੇ ਤੁਹਾਨੂੰ CPO ਹੈ ਜਾਂ ਤੁਹਾਨੂੰ ਪਹਿਲਾਂ ਪਿਛਲੇ ਸਮੇਂ CPO ਸੀ ਤਾਂ ਆਪਣੇ ਸਿਹਤ ਸੰਭਾਲ ਕਰਮਚਾਰੀ ਨੂੰ ਦੱਸੋ?

**ਨਰਸ ਨਾਲ 24/7 ਸਲਾਹ ਅਤੇ ਆਮ ਸਿਹਤ ਦੀ ਜਾਣਕਾਰੀ ਲਈ Health Link ਨੂੰ 811 ਉੱਤੇ ਕਾਲ ਕਰੋ।**

**ਤਾਰੀਖ:** 23 ਅਪ੍ਰੈਲ, 2018

**ਲੇਖਕ:** ਸੰਕ੍ਰਮਣ ਰੋਕਥਾਮ ਅਤੇ ਕੰਟਰੋਲ (Infection Prevention and Control), Alberta Health Services